BRAMPTON Service and Information Update

# ਸਿਟੀ ਬਕਾਇਆ ਟੈਕਸ ਭੁਗਤਾਨਾਂ ਤੇ ਵਿਆਜ ਅਤੇ ਜੁਰਮਾਨੇ 31 ਦਸੰਬਰ ਤੱਕ ਸਥਗਿਤ ਕਰਕੇ ਨਿਵਾਸੀਆਂ ਅਤੇ ਕਾਰੋਬਾਰੀਆਂ ਦੀ ਮਦਦ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (1 ਅਕਤੂਬਰ, 2020) – ਕੱਲ੍ਹ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਬਕਾਇਆ ਪ੍ਰਾਪਰਟੀ ਟੈਕਸ ਭੁਗਤਾਨਾਂ ਲਈ ਸਾਰੇ ਵਿਆਜ ਅਤੇ ਜੁਰਮਾਨਿਆਂ ਨੂੰ 31 ਦਸੰਬਰ ਤੱਕ ਸਥਗਿਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।

ਸ਼ੁਰੂ ਵਿੱਚ, ਸਿਟੀ ਨੇ 19 ਅਗਸਤ ਤੱਕ, ਜੁਰਮਾਨੇ ਅਤੇ ਵਿਆਜ ਸਬੰਧੀ ਫੀਸਾਂ ਸਥਗਿਤ ਕੀਤੀਆਂ ਸਨ। ਇਸ ਫੈਸਲੇ ਨੇ ਸਾਡੇ ਭਾਈਚਾਰੇ ਵਿੱਚ ਉਹਨਾਂ ਬਹੁਤ ਸਾਰੇ ਲੋਕਾਂ ਨੂੰ ਆਰਥਿਕ ਰਾਹਤ ਪ੍ਰਦਾਨ ਕੀਤੀ ਸੀ, ਜੋ ਕੋਵਿਡ-19 (COVID-19) ਮਹਾਂਮਾਰੀ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ। 20 ਅਗਸਤ ਤੋਂ 31 ਦਸੰਬਰ ਤੱਕ, ਬਕਾਇਆ ਟੈਕਸ ਭੁਗਤਾਨਾਂ ਲਈ ਵਿਆਜ ਅਤੇ ਜੁਰਮਾਨੇ ਸਥਗਿਤ ਕਰਨ ਨਾਲ, ਸਾਡੇ ਨਿਵਾਸੀਆਂ ਅਤੇ ਕਾਰੋਬਾਰੀਆਂ ਨੂੰ ਇਸ ਮੁਸ਼ਕਲ ਸਮੇਂ ਵਿੱਚ, ਵਾਧੂ ਆਰਥਿਕ ਰਾਹਤ ਮਿਲੇਗੀ।

ਪ੍ਰਾਪਰਟੀ ਦੇ ਮਾਲਕਾਂ ਨੂੰ ਕਿਸੇ ਵੀ ਦੇਣ ਯੋਗ ਰਕਮ ਬਾਰੇ ਸੂਚਿਤ ਕਰਨ ਲਈ, ਬਕਾਇਆ ਟੈਕਸ ਦੇ ਨੋਟਿਸ, ਅਕਤੂਬਰ ਵਿੱਚ ਡਾਕ ਰਾਹੀਂ ਭੇਜੇ ਜਾਣਗੇ।

ਅੱਜ ਦੇ ਐਲਾਨ ਦਾ ਮਤਲਬ, ਬਕਾਇਆ ਟੈਕਸਾਂ ਦਾ ਰੱਦ ਹੋਣਾ ਨਹੀਂ ਹੈ। ਟੈਕਸ ਦੇਣ ਵਾਲਿਆਂ ਲਈ, ਜੂਨ ਵਿੱਚ ਜਾਰੀ ਕੀਤੇ ਗਏ, ਉਹਨਾਂ ਦੇ ਫਾਈਨਲ ਟੈਕਸ ਬਿਲ ਵਿੱਚ ਦਿੱਤੀ ਟੈਕਸ ਦੀ ਪੂਰੀ ਰਕਮ ਦਾ ਭੁਗਤਾਨ ਕਰਨਾ ਜ਼ਰੂਰੀ ਹੈ। ਅਗਸਤ ਤੋਂ ਦਸੰਬਰ ਦੇ ਦੌਰਾਨ ਕਿਸੇ ਵੀ ਬਕਾਇਆ ਰਕਮਾਂ ਤੇ ਵਿਆਜ ਜਾਂ ਜੁਰਮਾਨਾ ਨਹੀਂ ਲੱਗੇਗਾ। ਉਸ ਸਮੇਂ ਕਿਸੇ ਵੀ ਬਕਾਇਆ ਰਕਮ ਤੇ ਲੱਗਣ ਵਾਲੇ ਹੋਰ ਜੁਰਮਾਨੇ ਅਤੇ ਵਿਆਜ ਤੋਂ ਬਚਣ ਲਈ, 31 ਦਸੰਬਰ ਤੋਂ ਪਹਿਲਾਂ, ਸਿਟੀ ਨੂੰ ਲਾਜ਼ਮੀ ਤੌਰ ਤੇ ਪੂਰੀ ਰਕਮ ਦਾ ਭੁਗਤਾਨ ਮਿਲ ਜਾਣਾ ਚਾਹੀਦਾ ਹੈ। ਜਿਹਨਾਂ ਟੈਕਸ ਦੇਣ ਵਾਲਿਆਂ ਨੂੰ ਕੋਵਿਡ-19 ਮਹਾਂਮਾਰੀ ਦੇ ਕਾਰਨ ਕੋਈ ਆਰਥਿਕ ਤੰਗੀ ਨਹੀਂ ਹੋਈ ਹੈ, ਉਹਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਿਯਤ ਤਾਰੀਖਾਂ ਤੱਕ ਆਪਣੇ ਪ੍ਰਾਪਰਟੀ ਟੈਕਸ ਭੁਗਤਾਨ ਕਰਨਾ ਜਾਰੀ ਰੱਖਣ।

ਫਾਈਨਲ ਨਿਯਮਿਤ ਕਿਸ਼ਤ ਦੀਆਂ ਨਿਯਤ ਤਾਰੀਖਾਂ, 23 ਸਤੰਬਰ, 21 ਅਕਤੂਬਰ, 18 ਨਵੰਬਰ, 2020 ਹਨ। ਭੁਗਤਾਨ ਵਿਕਲਪਾਂ ਦੇ ਵੇਰਵੇ, ਸਿਟੀ ਦੀ ਵੈਬਸਾਈਟ (website) ਤੇ ਉਪਲਬਧ ਹਨ।

ਮਾਸਿਕ ਪ੍ਰੀ-ਅਥਾੱਰਾਈਜ਼ਡ ਭੁਗਤਾਨ (ਪੀ.ਟੀ.ਪੀ.), ਫਾਈਨਲ ਟੈਕਸ ਭੁਗਤਾਨ ਕੱਢਣ ਦੀਆਂ ਪ੍ਰਕਿਰਿਆਵਾਂ, ਸਤੰਬਰ, ਅਕਤੂਬਰ, ਨਵੰਬਰ ਅਤੇ ਦਸੰਬਰ ਵਿੱਚ ਹੋਣਗੀਆਂ।

ਕਿਸੇ ਵੀ ਪੁੱਛਗਿੱਛ ਲਈ, ਇਸ ਫਾਰਮ ਦੀ ਵਰਤੋਂ ਕਰੋ (use this form)।

ਸਿਟੀ ਆਫ ਬ੍ਰੈਂਪਟਨ ਦੇ, ਕੋਵਿਡ-19 ਨੂੰ ਫੈਲਣ ਤੋਂ ਰੋਕਣ ਦੇ ਯਤਨਾਂ ਬਾਰੇ ਤਾਜ਼ਾ ਜਾਣਕਾਰੀ ਲਈ, www.brampton.ca/covid19 ਤੇ ਜਾਓ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca